# BC Hands & Voices

# ਮੇਰੇ ਪਰਿਵਾਰ ਦੀ ਕਹਾਣੀ

ਐਲਾ ਜੀਐਂਗ ਨਾਲ਼ ਇਕ ਵਾਰਤਾਲਾਪ; ਐਲਾ ਜੀਐਂਗ ਅਤੇ ਐਮੀ ਹੋਅ ਦੀ ਸਾਂਝੀ ਲਿਖਤ

## My Family's Story

*"ਬੀਰ ਵਹੁਟੀ ਕੀ ਖਾਂਦੀ ਹੈ?"*

*"ਇਹ ਉੱਡ ਕਿੱਦਾਂ ਸਕਦੀ ਹੈ?"*

*"ਇਹ ਇਸ ਤਰ੍ਹਾਂ ਕਿਉਂ ਰੀਂਗਦੀ ਹੈ?"*

*"ਕੀ ਇਹਦੇ ਮਾਪੇ ਰੋਣਗੇ ਜਦੋਂ ਉਨ੍ਹਾਂ ਨੂੰ ਇਹ ਲੱਭੀ ਨਾ?"*

ਇਹ ਉਹ ਕੁਝ ਸਵਾਲ਼ ਸਨ ਜਿਹੜੇ ਮੇਰੀ ਛੇ ਸਾਲ ਦੀ ਧੀ ਵੈਰੋਨਿਕਾ ਵਲੋਂ ਮੇਰੇ ਵੱਲ ਉੱਡਦੇ ਆਏ ਜਦੋਂ ਅਸੀਂ ਛੱਲੀ ਉੱਪਰ ਇਕ ਬੀਰ ਵਹੁਟੀ (ਲੇਡੀ ਬੱਗ) ਰੀਂਗਦੀ ਦੇਖੀ ਅਤੇ ਉਹਨੂੰ ਇਕ ਸ਼ੀਸ਼ੇ ਦੇ ਬਰਤਨ ਵਿਚ ਪਾ ਲਿਆ। ਉਸ ਵੇਲੇ ਉਹਦੇ ਸੌਣ ਦਾ ਵੇਲਾ ਹੋ ਗਿਆ ਸੀ ਇਸ ਕਰਕੇ ਮੈਂ ਉਹਨੂੰ ਕਿਹਾ ਕਿ ਉਹ ਕੱਲ੍ਹ ਨੂੰ ਆਪਣੇ ਵੱਡੇ ਭਰਾ ਨੂੰ ਕਹੇ ਕਿ ਉਹ ਇਸ ਸਵਾਲ਼ ਦੇ ਜਵਾਬ ਇੰਟਰਨੈੱਟ ਉੱਪਰ ਭਾਲਣ ਵਿਚ ਉਹਦੀ ਮੱਦਦ ਕਰੇ। ਤਿੰਨ ਸਾਲ ਪਹਿਲਾਂ ਮੈਂ ਕਦੇ ਸੋਚ ਵੀ ਨਹੀਂ ਸੀ ਸਕਦੀ ਕਿ ਵੈਰੋਨਿਕਾ ਏਨੀ ਸੋਹਣੀ ਤਰ੍ਹਾਂ ਮੇਰੇ ਨਾਲ਼ ਗੱਲਬਾਤ ਕਰ ਸਕੇ।



### ਪਰੇਸ਼ਾਨੀ

ਵੈਰੋਨਿਕਾ ਦਾ ਜਨਮ ਮਈ 2012 ਵਿਚ ਹੋਇਆ ਸੀ। ਉਹ ਜਦੋਂ ਅਜੇ ਹਸਪਤਾਲ ਵਿਚ ਹੀ ਸੀ ਉਹਨੇ ਨਵਜੰਮੇ ਬੱਚੇ ਵਾਲ਼ੇ ਟੈਸਟਾਂ ਵਿਚ ਸੱਜੇ ਕੰਨ ਵਿਚੋਂ ਸੁਣ ਸਕਣ ਦਾ ਟੈਸਟ ਪਾਸ ਕਰ ਲਿਆ ਸੀ ਪਰ ਖੱਬੇ ਕੰਨ ਦਾ ਨਹੀਂ। ਦੋ ਹਫਤੇ ਬਾਅਦ ਅਸੀਂ ਦੋਬਾਰਾ ਟੈਸਟ ਕਰਵਾਉਣ ਗਏ ਅਤੇ ਸਾਨੂੰ ਦੱਸਿਆ ਗਿਆ ਕਿ ਉਹਨੇ ਟੈਸਟ ਪਾਸ ਕਰ ਲਿਆ ਹੈ।

ਜਦੋਂ ਮੇਰੀ ਜਣੇਪੇ ਦੀ ਛੁੱਟੀ ਖਤਮ ਹੋ ਗਈ ਤੇ ਮੈਂ ਕੰਮ 'ਤੇ ਜਾਣ ਲੱਗੀ ਤਾਂ ਮੈਂ ਵੈਰੋਨਿਕਾ ਨੂੰ ਇਕ ਘਰ ਵਿਚ ਦੇਖਭਾਲ਼ ਕਰਨ ਵਾਲ਼ੀ ਥਾਂ 'ਤੇ ਦਾਖਲ ਕਰਵਾ ਦਿੱਤਾ। ਫੇਰ, ਜਦੋਂ ਵੈਰੋਨਿਕਾ ਅਜੇ ਦੋ ਕੁ ਸਾਲ ਤੋਂ ਜ਼ਰਾ ਕੁ ਵੱਡੀ ਹੋਈ ਤਾਂ ਘਰ ਵਿਚ ਦੇਖਭਾਲ਼ ਕਰਨ ਵਾਲ਼ੀ ਔਰਤ ਨੇ ਮੈਨੂੰ ਦੱਸਿਆ ਕਿ ਜਦੋਂ ਮੈਂ ਵੈਰੋਨਿਕਾ ਨੂੰ ਪਿੱਛਿਉਂ ਵਾਜ ਮਾਰਦੀ ਹਾਂ ਤਾਂ ਉਹ ਹੁੰਗਾਰਾ ਨਹੀਂ ਭਰਦੀ। ਉਹਨੇ ਇਹ ਵੀ ਨੋਟ ਕੀਤਾ ਸੀ ਕਿ ਭਾਵੇਂ ਉਹ ਦੂਜੇ ਬੱਚਿਆਂ ਨਾਲ਼ ਠੀਕ ਠਾਕ ਖੇਡਦੀ ਸੀ ਪਰ ਉਹ ਹਮੇਸ਼ਾ ਉਨ੍ਹਾਂ ਦਾ ਹੁੰਗਾਰਾ ਨਹੀਂ ਸੀ ਭਰਦੀ ਅਤੇ ਕਈ ਵਾਰ ਉਨ੍ਹਾਂ ਵੱਲ ਕੋਈ ਧਿਆਨ ਵੀ ਨਹੀਂ ਸੀ ਦਿੰਦੀ।

ਉਸ ਵੇਲੇ ਮੈਂ ਉਹਦਾ ਇਹ ਵਰਤਾਵ ਉਹਦੀ ਸੁਣਨ ਸ਼ਕਤੀ ਨਾਲ਼ ਨਾਲ਼ ਜੋੜ ਕੇ ਨਹੀਂ ਦੇਖਿਆ। ਉਦੋਂ ਉਹ ਅਜੇ ਇਕ ਤੋਂ ਲੈ ਕੇ ਤਿੰਨ ਕੁ ਸ਼ਬਦ ਹੀ ਬੋਲਦੀ ਸੀ, ਇਸ ਲਈ ਮੈਂ ਸੋਚਿਆ ਉਹ ਉਦਾਂ ਹੀ ਥੋੜ੍ਹਾ ਬੋਲਣਾ ਸਿੱਖਣ ਵਿਚ ਦੇਰ ਲਾ ਰਹੀ ਹੈ। ਫੇਰ ਵੀ ਮੈਂ ਉਹਨੂੰ ਆਪਣੇ ਪਰਿਵਾਰਕ ਡਾਕਟਰ ਕੋਲ਼ ਲੈ ਗਈ ਅਤੇ ਉਹਦੇ ਕੰਨ ਚੈੱਕ ਕਰਨ ਵਾਸਤੇ ਕਿਹਾ।

ਅਪੁਆਇੰਟਮੈਂਟ ਸਮੇਂ ਡਾਕਟਰ ਨੇ ਰਬੜ ਦੇ ਦਸਤਾਨਿਆਂ ਦਾ ਜੋੜਾ ਲਿਆ। ਉਹਨੇ ਦਸਤਾਨਿਆਂ ਵਿਚ ਮੂੰਹ ਨਾਲ਼ ਫੂਕ ਮਾਰ ਕੇ ਹਵਾ ਭਰੀ ਫੇਰ ਉਹ ਵੈਰੋਨਿਕਾ ਦੇ ਪਿੱਛੇ ਸੱਜੇ ਪਾਸੇ ਨੂੰ ਗਿਆ ਤੇ ਦਸਤਾਨਿਆਂ ਨੂੰ ਇਕ ਦੂਜੇ ਨਾਲ਼ ਰਗੜਿਆ ਜਿਹਦੇ ਵਿੱਚੋਂ ਚੀਕ ਵਰਗੀ ਆਵਾਜ਼ ਪੈਦਾ ਹੋਈ। ਵੈਰੋਨਿਕਾ ਆਪਣੇ ਸੱਜੇ ਪਾਸੇ ਵੱਲ ਨੂੰ ਮੁੜੀ। ਫੇਰ ਉਹ ਉਹਦੇ ਖੱਬੇ ਪਾਸੇ ਗਿਆ ਤੇ ਉਸੇ ਤਰ੍ਹਾਂ ਕੀਤਾ। ਸੁਣ ਕੇ ਵੈਰੋਨਿਕਾ ਵੀ ਖੱਬੇ ਪਾਸੇ ਵੱਲ ਨੂੰ ਮੁੜੀ। ਡਾਕਟਰ ਨੇ ਮੈਨੂੰ ਦੱਸਿਆ ਕਿ ਵੈਰੋਨਿਕਾ ਬਿਲਕੁਲ ਠੀਕ ਸੀ ਤੇ ਉਹਦੀ ਸੁਣਨ ਸ਼ਕਤੀ ਚੈੱਕ ਕਰਨ ਲਈ ਕਿਸੇ ਕਿਸਮ ਦੇ ਹੋਰ ਟੈਸਟ ਦੀ ਜ਼ਰੂਰਤ ਨਹੀਂ ਸੀ।

ਠੀਕ ਹੈ, ਮੈਂ ਆਪਣੇ ਆਪ ਨੂੰ ਤਸੱਲੀ ਦੇ ਲਈ। ਸਾਡੇ ਪਰਿਵਾਰ ਵਿਚ ਕਿਸੇ ਦੇ ਬੋਲ਼ਾ ਹੋਣ ਦਾ ਕੋਈ ਇਤਿਹਾਸ ਵੀ ਨਹੀਂ ਸੀ। ਮੈਂ ਕਿਉਂ ਖਾਹ ਮਖਾਹ ਸੋਚਾਂ ਕਿ ਵੈਰੋਨਿਕਾ ਦਾ ਵਰਤਾਵ ਉਹਦੀ

We acknowledge the financial support of the Province of British Columbia.

ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲ਼ੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

# ਮੇਰੇ ਪਰਿਵਾਰ ਦੀ ਕਹਾਣੀ

(2)

ਸੁਣਨ ਸ਼ਕਤੀ ਨਾਲ਼ ਸਬੰਧਤ ਹੈ? ਡਾਕਟਰ ਨੇ ਕਿਹਾ ਸੀ ਕਿ ਉਹ ਠੀਕ ਠਾਕ ਸੀ ਇਸ ਲਈ ਕਿਸੇ ਕਿਸਮ ਦਾ ਫਿਕਰ ਕਰਨ ਦੀ ਕੋਈ ਲੋੜ ਨਹੀਂ ਸੀ।

ਤਿੰਨ ਕੁ ਮਹੀਨੇ ਬਾਅਦ, ਸੰਭਾਲ ਕਰਨ ਵਾਲ਼ੀ ਔਰਤ ਨੇ ਫੇਰ ਆਪਣਾ ਫਿਕਰ ਮੇਰੇ ਨਾਲ਼ ਸਾਂਝਾ ਕੀਤਾ ਕਿ ਵੈਰੋਨਿਕਾ ਦੂਜੇ ਬੱਚਿਆਂ ਵਾਂਗ ਨਾ ਤਾਂ ਠੀਕ ਤਰ੍ਹਾਂ ਹੁੰਗਾਰਾ ਭਰਦੀ ਸੀ ਤੇ ਨਾ ਹੀ ਉਹਦੀ ਬੋਲੀ ਉਨ੍ਹਾਂ ਵਾਂਗ ਵਿਕਾਸ ਕਰ ਰਹੀ ਸੀ। ਉਹਨੇ ਮੈਨੂੰ ਹੋਰ ਟੈਸਟ ਕਰਵਾਉਣ ਵਾਸਤੇ ਉਤਸਾਹਤ ਕੀਤਾ। ਮੈਂ ਵੈਰੋਨਿਕਾ ਨੂੰ ਮੁੜ ਆਪਣੇ ਡਾਕਟਰ ਕੋਲ਼ ਲੈ ਗਈ। ਇਕ ਵਾਰ ਫੇਰ ਡਾਕਟਰ ਨੇ ਵੈਰੋਨਿਕਾ ਦੇ ਪਿੱਛੇ ਖੜ੍ਹ ਕੇ ਉੱਚੀ ਆਵਾਜ਼ ਪੈਦਾ ਕੀਤੀ ਤੇ ਉਹਨੇ ਫੇਰ ਉਸੇ ਤਰ੍ਹਾਂ ਆਵਾਜ਼ ਸੁਣਨ ਦਾ ਵਿਖਾਵਾ ਕੀਤਾ। ਡਾਕਟਰ ਨੇ ਫੇਰ ਉਹ ਪਹਿਲਾਂ ਵਾਲ਼ੀ ਗੱਲ ਹੀ ਦੁਹਰਾਈ ਕਿ ਉਸ ਦੀ ਸੁਣਨ ਸ਼ਕਤੀ ਠੀਕ ਸੀ ਤੇ ਕਿਸੇ ਹੋਰ ਟੈਸਟ ਦੀ ਜ਼ਰੂਰਤ ਨਹੀਂ ਸੀ।

ਇਸ ਤਰ੍ਹਾਂ ਕੁਝ ਮਹੀਨੇ ਹੋਰ ਲੰਘ ਗਏ ਤੇ ਵੈਰੋਨਿਕਾ ਹੁਣ ਤਿੰਨਾਂ ਸਾਲਾਂ ਦੀ ਹੋਣ ਵਾਲ਼ੀ ਸੀ। ਜਦੋਂ ਮੈਂ ਉਹਦੀ ਦਿਨ ਵੇਲੇ ਸੰਭਾਲ ਕਰਨ ਵਾਲਿਆਂ ਨੂੰ ਦੱਸਿਆ ਕਿ ਮੈਂ ਵੈਰੋਨਿਕਾ ਨੂੰ ਕਮਿਊਨਿਟੀ ਵਿਚਲੇ ਡੇਕੇਅਰ ਕੇਂਦਰ ਭੇਜਣ ਬਾਰੇ ਸੋਚ ਰਹੀ ਹਾਂ ਤਾਂ ਉਸ ਕਰਮਚਾਰਣ ਨੇ ਫੇਰ ਆਪਣਾ ਫਿਕਰ ਮੇਰੇ ਨਾਲ਼ ਸਾਂਝਾ ਕੀਤਾ ਅਤੇ ਸੁਝਾਅ ਦਿੱਤਾ ਕਿ ਮੈਂ ਵੈਰੋਨਿਕਾ ਨੂੰ ਬੋਲਣ ਤੇ ਭਾਸ਼ਾ ਦਾ ਅੰਦਾਜ਼ਾ (ਸਪੀਚ/ਲੈਂਗੂਏਜ ਅਸੈੱਸਮੈਂਟ) ਲਾਉਣ ਵਾਲ਼ੀ ਸਥਾਨਕ ਕਲਿਨਿਕ ਵਿਚ ਲੈ ਕੇ ਜਾਵਾਂ; ਉਹਨੇ ਇਕ ਰੇਡੀਓ ’ਤੇ ਚਲਦੀ ਗੱਲਬਾਤ ਵਿੱਚੋਂ ਸੁਣਿਆ ਸੀ ਕਿ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਵਾਸਤੇ ਅਸੈੱਸਮੈਂਟ ਤੇ ਸਪੀਚ ਥੈਰਾਪੀ ਮੁਫਤ ਮਿਲਦੀਆਂ ਹਨ।

ਮੈਂ ਉਹਦਾ ਸੁਝਾਅ ਮੰਨ ਕੇ ਵੈਰੋਨਿਕਾ ਨੂੰ ਆਪਣੇ ਸਥਾਨਕ ਹੈਲਥ ਕਲਿਨਿਕ ਵਿਚ ਸਪੀਚ ਲੈਂਗੂਏਜ ਪੈਥਾਲੋਜਿਸਟ (ਐੱਸ ਐੱਲ ਪੀ) ਕੋਲ਼ ਲੈ ਗਈ। ਐੱਸ ਐੱਲ ਪੀ ਨੇ ਉਸੇ ਵੇਲੇ ਵੈਰੋਨਿਕਾ ਦੇ ਕੰਨਾਂ ਦੇ ਟੈਸਟ ਦਾ ਸੁਝਾਅ ਦਿੱਤਾ ਤੇ ਸਾਨੂੰ ਦੋ ਮਹੀਨਿਆਂ ਬਾਅਦ ਅਪੁਆਇੰਟਮੈਂਟ ਮਿਲ ਗਈ। ਆਈਡੀਆਲੋਜਿਸਟ, ਜਿਹੜੀ ਕਿ ਮੇਰੀ ਮਾਦਰੀ ਭਾਸ਼ਾ ਬੋਲਦੀ ਸੀ, ਨੇ ਮੈਨੂੰ ਸੁਣਨ ਸ਼ਕਤੀ ਵਾਲ਼ੇ ਟੈਸਟ ਦਿਖਾਏ ਅਤੇ ਦੱਸਿਆ ਕਿ ਵੈਰੋਨਿਕਾ ਨੂੰ ਸੁਣਨ ਅਤੇ ਬੋਲਣ ਵਿਚ ਮੱਦਦ ਵਾਸਤੇ ਹੀਰਿੰਗ ਏਡ ਵਰਤਣ ਦੀ ਜ਼ਰੂਰਤ ਸੀ।

## ਹੀਰਿੰਗ ਏਡਜ਼ ਜੰਤਰਾਂ ਨਾਲ਼ ਜੱਦੋਜਹਿਦ

ਵੈਰੋਨਿਕਾ ਉਸ ਵੇਲੇ ਤਿੰਨ ਸਾਲਾਂ ਦੀ ਹੋ ਗਈ ਸੀ ਜਦੋਂ ਅਸੀਂ ਉਸ ਦੇ ਹੀਰਿੰਗ ਏਡ ਜੰਤਰ ਲਾਏ। ਉਨ੍ਹਾਂ ਨੂੰ ਲਾਈ ਰੱਖਣਾ ਆਪਣੇ ਆਪ ਵਿਚ ਹਰ ਰੋਜ਼ ਹੀ ਇਕ ਜੱਦੋਜਹਿਦ ਸੀ। ਪਹਿਲਾਂ ਉਹਨੂੰ ਕੰਨਾਂ ਵਿਚ ਲਾਏ ਜਾਣ ਵਾਲ਼ੇ ਜੰਤਰ ਨਾਲ਼ ਚਮੜੀ ਦੀ ਅਲੱਰਜੀ ਹੋ ਗਈ। ਉਹ ਆਪਣੇ ਕੰਨਾਂ ਨੂੰ ਏਨੀ ਬੁਰੀ ਤਰ੍ਹਾਂ ਖਨੂੰਦੀ ਸੀ ਕਿ ਉਸ ਦੇ ਇਨਫੈਕਸ਼ਨ ਹੋ ਜਾਂਦੀ। ਬੀ ਸੀ ਚਿਲਡਰਨ ਹਸਪਤਾਲ ਵਿਚਲੇ ਈ ਐਨ ਟੀ ਡਾਕਟਰ ਨੇ ਫੇਰ ਕੰਨ ਵਿਚ ਪਾਏ ਜਾਣ ਵਾਲ਼ੇ ਵੱਖਰੇ ਮਟੀਰੀਅਲ ਦੇ ਜੰਤਰ ਦਾ ਸੁਝਾਅ ਦਿੱਤਾ ਜਿਹਦੇ ਨਾਲ਼ ਚਮੜੀ ਦੀ ਅਲੱਰਜੀ ਦੀ ਸਮੱਸਿਆ ਤਾਂ ਹੱਲ ਹੋ ਗਈ।

ਵੈਰੋਨਿਕਾ ਅਜੇ ਵੀ ਹੀਰਿੰਗ ਏਡ ਲਾਉਣ ਤੋਂ ਅੜਦੀ ਸੀ। ਉਹ ਉਨ੍ਹਾਂ ਨੂੰ ਬਾਹਰ ਕੱਢ ਲੈਂਦੀ, ਲੁਕੋ ਦਿੰਦੀ, ਜਾਂ ਉਨ੍ਹਾਂ ਨੂੰ ਫਰਸ਼ ’ਤੇ ਸੁੱਟ ਦਿੰਦੀ ਸੀ ਤੇ ਉਨ੍ਹਾਂ ਨੂੰ ਪੈਰਾਂ ਨਾਲ਼ ਮਿੱਧਣ ਲੱਗਦੀ। ਇਕ ਵਾਰੀ ਜਦੋਂ ਅਸੀਂ ਬਾਹਰ ਗਏ ਹੋਏ ਸੀ ਤਾਂ ਉਹ ਏਨੀ ਬੁਰੀ ਤਰ੍ਹਾਂ ਖਿੱਝ ਗਈ ਕਿ ਉਹਨੇ ਆਪਣੀਆਂ ਹੀਰਿੰਗ ਏਡ ਬਾਹਰ ਕੱਢ ਲਈਆਂ ਅਤੇ ਉਨ੍ਹਾਂ ਨੂੰ ਸੜਕ ਵਿਚ ਸੁੱਟ ਦਿੱਤਾ ਜਿਸ ਵੇਲੇ ਉਥੋਂ ਦੀ ਇਕ ਕਾਰ ਲੰਘ ਰਹੀ ਸੀ। ਮੈਂ ਗੁੱਸੇ ਨਾਲ਼ ਭਰ ਗਈ। ਜੇ ਕਾਰ ਉੱਪਰ ਦੀ ਲੰਘ ਜਾਂਦੀ ਤੇ ਹੀਰਿੰਗ ਏਡ ਨੂੰ ਚਿੱਥ ਜਾਂਦੀ? ਕਾਰ ਲੰਘਣ ਬਾਅਦ ਮੈਂ ਤੇ ਮੇਰੇ ਬੇਟੇ ਨੇ ਹੀਰਿੰਗ ਏਡ ਦੀ ਭਾਲ਼ ਕੀਤੀ ਅਤੇ ਉਹ ਸਾਨੂੰ ਸੜਕ ਦੇ ਐਨ ਵਿਚਾਲਿਓਂ ਮਿਲ਼ ਗਈਆਂ। ਪ੍ਰਮਾਤਮਾ ਦਾ ਸ਼ੁਕਰ ਸੀ ਕਿ ਹੀਰਿੰਗ ਏਡ ਟੁੱਟੀਆਂ ਨਹੀਂ ਸਨ।

ਉਸ ਪੱਲ ਮੈਂ ਆਪਣੇ ਆਪ ਨੂੰ ਕਾਬੂ ’ਚ ਨਾ ਰੱਖ ਸਕੀ। ਮੈਂ ਵੈਰੋਨਿਕਾ ਨੂੰ ਬਹੁਤ ਡਾਂਟਿਆ ਅਤੇ ਮੈਂ ਉਹਨੂੰ ਝਿੜਕਾਂ ਮਾਰੀਆਂ ਕਿ ਉਹਨੇ ਆਪਣੀ ਹੀਰਿੰਗ ਏਡ ਤੋੜ ਹੀ ਦਿੱਤੀਆਂ ਸਨ ਤੇ ਜੇ ਟੁੱਟ ਜਾਂਦੀਆਂ ਤਾਂ ਫੇਰ ਉਹਦੇ ਕੋਲ਼ ਸੁਣਨੇ ਵਿਚ ਮੱਦਦ ਕਰਨ ਲਈ ਕੁਛ ਨਹੀਂ ਸੀ ਹੋਣਾ। ਫੇਰ ਅਸੀਂ ਦੋਵੇ ਫੁੱਟ ਫੁੱਟ ਕੇ ਰੋਣ ਲੱਗੀਆਂ ਅਤੇ ਰੋਂਦੀਆਂ ਨੇ ਇਕ ਦੂਜੇ ਨੂੰ ਕਲ਼ਾਵੇ ਵਿਚ ਲੈ ਲਿਆ ਉੱਥੇ ਸੜਕ ਦੇ ਐਨ ਵਿਚਕਾਰ।

## ਮੱਦਦਗਾਰ ਸੁਝਾਅ

ਮੈਂ ਆਡੀਓਲੋਜਿਸਟ ਕੋਲ਼ ਮੱਦਦ ਵਾਸਤੇ ਗਈ। ਆਡੀਓਲੋਜਿਸਟ ਨੇ ਬੜੇ ਸਬਰ ਨਾਲ਼ ਮੇਰੀ ਗੱਲ ਸੁਣੀ ਤੇ ਉਹ ਹਰ ਮਦਦ ਕਰਨ ਲਈ ਤਿਆਰ ਸੀ। ਉਹਨੇ ਮੈਨੂੰ ਹੇਠ ਲਿਖੇ ਤਰੀਕੇ ਵਰਤਣ ਦੇ ਸੁਝਾਅ ਦਿੱਤੇ:

* ਹੀਰਿੰਗ ਏਡ ਨੂੰ ਕੰਨਾਂ ਵਿਚ ਕਿਸੇ ਸ਼ਾਂਤ ਜਗ੍ਹਾ ਵਿਚ ਪਾਵੋ ਤਾਂਕਿ ਇਕ ਦਮ ਉੱਚੀਆਂ ਆਵਾਜ਼ਾਂ ਨਾ ਸੁਣਨ ਲੱਗ ਪੈਣ।

* ਟੁਆਏਲਿੱਟ ’ਚ ਪਾਣੀ ਛੱਡਣ ਦੀ ਆਵਾਜ਼ ਹੀਰਿੰਗ ਏਡ ਵਾਲ਼ੇ ਕੰਨਾਂ ਲਈ ਅਣਸੁਖਾਵੀਂ ਹੋ ਸਕਦੀ ਹੈ। ਇਸ ਲਈ ਬੱਚੇ ਦੇ ਨੇੜੇ ਹੋਣ ਸਮੇਂ ਟੁਆਏਲਿੱਟ ਦਾ ਪਾਣੀ ਛੱਡਣ ਤੋਂ ਗੁਰੇਜ਼ ਕਰੋ ਜਾਂ ਬੱਚੇ ਨੂੰ ਉਸ ਤੋਂ ਦੂਰ ਰੱਖੋ ਜਦੋਂ ਉਹਨੇ ਅਜੇ ਹੀਰਿੰਗ ਏਡ ਕੰਨਾਂ ਵਿਚ ਪਾਈ ਹੀ ਹੋਵੇ।

* ਕਰੜੀ ਫਰਸ਼ ’ਤੇ ਫਰਨੀਚਰ ਜਿਵੇਂ ਕਿ ਕੁਰਸੀਆਂ ਆਦਿ ਘੜੀਸਣ ਦੀ ਆਵਾਜ਼ ਵੀ ਅਣਸੁਖਾਵੀਂ ਹੋ ਸਕਦੀ ਹੈ। ਇਸ ਲਈ ਜਦੋਂ ਬੱਚਾ ਨੇੜੇ ਹੋਵੇ ਤਾਂ ਫਰਨੀਚਰ ਦੀ ਥਾਂ ਬਦਲਣ ਤੋਂ ਗੁਰੇਜ਼ ਕਰੋ।

* ਰਸੋਈ ਵਿਚ ਪੱਕ ਰਹੇ ਖਾਣੇ ਦੀ ਆਵਾਜ਼ ਅਤੇ ਹਵਾ ਬਾਹਰ ਕੱਢਣ ਵਾਲ਼ੇ ਪੱਖੇ ਦੀ ਆਵਾਜ਼ ਵੀ ਬੱਚੇ ਲਈ ਅਣਸੁਖਾਵੀਂ ਹੋ ਸਕਦੀ ਹੈ। ਇਸ ਲਈ ਜਦੋਂ ਬੱਚੇ ਨੇ ਅਜੇ ਹੀਰਿੰਗ ਏਡ ਕੰਨਾਂ ਵਿਚ ਪਾਈ ਹੀ ਹੋਵੇ ਉਹਨੂੰ ਰਸੋਈ ਤੋਂ ਦੂਰ ਰੱਖੋ।

* ਜਦੋਂ ਬੱਚਾ ਹੀਰਿੰਗ ਏਡ ਪਾ ਕੇ ਟੀ ਵੀ ਦੇਖ ਰਿਹਾ ਹੋਵੇ ਤਾਂ ਪਹਿਲਾਂ ਆਵਾਜ਼ ਮੱਧਮ ਰੱਖੋ ਅਤੇ ਫੇਰ ਹੌਲ਼ੀ ਹੌਲ਼ੀ ਇਸ ਨੂੰ ਵਧਾਓ ਉਸ ਪੱਧਰ ਤੱਕ ਜਿੱਥੇ ਬੱਚਾ ਸੌਖ ਮਹਿਸੂਸ ਕਰੇ।

ਹੌਲ਼ੀ ਹੌਲ਼ੀ ਵੈਰੋਨਿਕਾ ਨੂੰ ਆਪਣੀ ਹੀਰਿੰਗ ਏਡ ਪਾਉਣ ਦੀ ਆਦਤ ਹੋ ਗਈ। ਫੇਰ ਤਾਂ ਏਦਾਂ ਹੋਣ ਲੱਗ ਪਈ ਕਿ ਉਹ ਸੌਣ ਵੇਲੇ ਵੀ ਆਪਣੀ ਹੀਰਿੰਗ ਏਡ ਕੰਨਾਂ ਵਿਚੋਂ ਕੱਢਣ ਲਈ ਤਿਆਰ ਨਾ ਹੁੰਦੀ। ਸਭ ਕੁਝ ਠੀਕ ਠਾਕ ਚੱਲ ਰਿਹਾ ਸੀ!

ਇਕ ਸਾਲ ਬਾਅਦ, ਵੈਰੋਨਿਕਾ ਨੂੰ ਇਕ ਕੰਨ ਵਿਚੋਂ ਸੁਣਨੋ ਹੱਟ ਗਿਆ ਤਾਂ ਅਸੀਂ ਫੈਸਲਾ ਕੀਤਾ ਕਿ ਉਹਦੇ ਕੰਨ ਵਿਚ ਕੋਕਲੀਅਰ ਲੁਆ ਦਈਏ। ਇਹ ਉਹਦੇ ਲਈ ਬੜੇ ਔਖੇ ਮਹੀਨੇ ਸਨ ਜਦ ਉਹ ਸੁਣਨ ਦੇ ਇਸ ਨਵੇਂ ਤਰੀਕੇ ਨੂੰ ਵਰਤਣਾ ਸਿੱਖ ਰਹੀ ਸੀ। ਉਹ ਦੋ ਕੁ ਮਹੀਨੇ ਇਸ ਗੱਲੋਂ ਰੋਂਦੀ ਰਹੀ ਤੇ ਸਕੂਲ ਜਾਣ ਤੋਂ ਵੀ ਇਨਕਾਰ ਕਰਦੀ ਰਹੀ

We acknowledge the financial support of the Province of British Columbia.

ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲ਼ੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

# ਮੇਰੇ ਪਰਿਵਾਰ ਦੀ ਕਹਾਣੀ

(3)

ਕਿਉਂਕਿ ਉਹ ਕਹਿੰਦੀ ਸੀ ਕਿ ਅਧਿਆਪਕ ਦੀ ਆਵਾਜ਼ ਬਹੁਤ ਉੱਚੀ ਸੀ ਤੇ ਉਹ ਅਧਿਆਪਕ ਦੀ ਆਵਾਜ਼ ਸੁਣਨਾ ਪਸੰਦ ਨਹੀਂ ਸੀ ਕਰਦੀ।

ਮੈਨੂੰ ਆਈਡੀਆਲੋਜਿਸਟ ਤੋਂ ਫੇਰ ਮੱਦਦ ਮਿਲੀ। ਬੀ ਸੀ ਚਿਲਡਰਨ ਹਸਪਤਾਲ ਦੇ ਆਈਡੀਆਲੋਜਿਸਟ ਨੇ ਕੰਨ ਵਿਚ ਲਾਏ ਹੋਏ ਜੰਤਰ ਦੇ ਪ੍ਰੋਗਰਾਮ ਵਿਚ ਕੁਝ ਸੂਖਮ ਤਬਦੀਲੀਆਂ ਕੀਤੀਆਂ। ਉਹਨੇ ਇਹ ਵੀ ਸੁਝਾਅ ਦਿੱਤਾ ਕਿ ਜਦੋਂ ਤੁਸੀਂ ਕੰਨਾਂ ਵਿਚ ਆਵਾਜ਼ ਵਾਲ਼ੇ ਜੰਤਰ ਲਾਵੋ ਤਾਂ ਪਹਿਲੇ ਦੋ ਮਿੰਟਾਂ ਵਾਸਤੇ ਉਸ ਦੀ ਆਵਾਜ਼ ਦਾ ਪੱਧਰ ਮੱਧਮ ਰੱਖੋ, ਫੇਰ ਹੌਲ਼ੀ ਹੌਲ਼ੀ ਉਸ ਦਾ ਪੱਧਰ ਵਧਾਓ।

ਵੈਰੋਨਿਕਾ ਨੂੰ ਕੋਕਲੀਅਰ ਜੰਤਰ ਨਾਲ਼ ਸਹਿਜ ਹੋਣ ਵਿਚ ਉਸ ਸਪੈਸ਼ਿਲਾਈਜ਼ਡ ਪ੍ਰੀਸਕੂਲ ਦੀ ਅਧਿਆਪਕਾ ਨੇ ਵੀ ਬਹੁਤ ਸਬਰ ਨਾਲ਼ ਉਹਦੀ ਮੱਦਦ ਕੀਤੀ। ਉਹਨੇ ਵੈਰੋਨਿਕਾ ਨੂੰ ਕਿਹਾ ਕਿ ਜਦੋਂ ਵੀ ਕਿਤੇ ਉਹਨੂੰ ਉਸ ਦੀ ਆਵਾਜ਼ ਜ਼ਿਆਦਾ ਉੱਚੀ ਲੱਗੇ ਉਹ ਹੱਥ ਖੜ੍ਹਾ ਕਰ ਦੇਵੇ ਤਾਂ ਉਹ ਆਪਣੀ ਆਵਾਜ਼ ਮੱਧਮ ਕਰ ਦਿਆ ਕਰੇਗੀ ਤਾਂਕਿ ਆਵਾਜ਼ ਵੈਰੋਨਿਕਾ ਲਈ ਸੁਖਾਂਵੀਂ ਹੋਵੇ।

## ਮਾਪਿਆਂ ਲਈ ਸਹਾਇਤਾ

ਜਦੋਂ 2015 ਦੇ ਮੱਧ ਵਿਚ ਵੈਰੋਨਿਕਾ ਦੀ ਸੁਣਨ ਸ਼ਕਤੀ ਗੁਆਚਣ ਦੀ ਗੱਲ ਪੱਕ ਹੋ ਗਈ ਸੀ ਤਾਂ ਮੈਂ ਬਹੁਤ ਹੀ ਉਦਾਸ ਅਤੇ ਗੁਆਚੀ ਹੋਈ ਸਾਂ। ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਮੈਂ ਕੀ ਕਰਾਂ। ਮੈਨੂੰ ਏਦਾਂ ਲਗਦਾ ਸੀ ਕਿ ਮੈਂ ਇਕ ਨਿੱਕੀ ਜਿਹੀ ਕਿਸ਼ਤੀ ਹੋਵਾਂ ਜਿਹੜੀ ਸਮੁੰਦਰ ’ਤੇ ਡਿੱਕੇ ਡੋਲੇ ਖਾ ਰਹੀ ਸੀ, ਕਿਸ਼ਤੀ ਜਿਹੜੀ ਕਦੇ ਵੀ ਡੁੱਬ ਸਕਦੀ ਸੀ। ਮੈਂ ਬਹੁਤ ਸ਼ੁਕਰਗੁਜ਼ਾਰ ਸਾਂ ਕਿ ਮੇਰਾ ਸਬੰਧ ‘ਬਾਈ ਯੂਅਰ ਸਾਈਡ ਪੇਰੇਂਟ ਗਾਈਡ’ (ਮਾਪਿਆਂ ਲਈ ਗਾਈਡ) ਦੀ ਇਕ ਗਾਈਡ ਨਾਲ਼ ਹੋ ਗਿਆ, ਜਿਹੜੀ ਕਿ ਮੇਰੀ ਮਾਦਰੀ ਜ਼ਬਾਨ ਬੋਲਦੀ ਹੈ। ਉਹ ਬਹੁਤ ਹਮਦਰਦਣ, ਮੱਦਦ ਕਰਨ ਵਾਲ਼ੀ ਤੇ ਜਾਣਕਾਰੀ ਰੱਖਣ ਵਾਲ਼ੀ ਹੈ। ਉਹਨੇ ਮੇਰੀਆਂ ਗੱਲਾਂ ਸੁਣੀਆਂ, ਪਰਿਵਾਰਾਂ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ ਅਤੇ ਮੇਰੇ ਨਾਲ਼ ਵੱਖਰੀਆਂ ਵੱਖਰੀਆਂ ਚੋਣਾਂ ਦੀ ਗੱਲ ਕੀਤੀ। ਉਹਨੇ ਮੈਨੂੰ ਸਬੰਧਤ ਜਾਣਕਾਰੀ ਵੀ ਭੇਜੀ ਜਿਹਦੇ ਨਾਲ਼ ਮੈਨੂੰ ਇਕ ਜਾਣਕਾਰੀ ਅਧਾਰਿਤ ਫੈਸਲਾ ਕਰਨ ਵਿਚ ਮੱਦਦ ਮਿਲੀ।

ਮਾਪਿਆਂ ਦੀ ਗਾਈਡ ਨੇ ਮੈਨੂੰ ਬੀ ਸੀ ‘ਹੈਂਡਜ਼ ਐਂਡ ਵੁਆਸਿਸ’ (ਬੀ ਸੀ ਐੱਚ ਐਂਡ ਵੀ) ਵਾਲਿਆਂ ਦੇ ਕੁਝ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਉਤਸਾਹਿਤ ਕੀਤਾ। ਮੈਂ ਪਹਿਲਾਂ ਕਿਸੇ ਬਾਲਗ ਬੋਲ਼ੇ ਵਿਅਕਤੀ ਨੂੰ ਨਹੀਂ ਸੀ ਮਿਲ਼ੀ ਪਰ ਮੈਨੂੰ ਬੀ ਸੀ ਐੱਚ ਐਂਡ ਵੀ ਦੀਆਂ ਵਰਕਸ਼ਾਪਾਂ ਵਿਚ ਬਾਲਗ ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਵਿਅਕਤੀਆਂ ਨਾਲ਼ ਮਿਲਾਇਆ ਗਿਆ। ਉਨ੍ਹਾਂ ਦੀਆਂ ਪੇਸ਼ਕਾਰੀਆਂ ਦੇਖਣ ਸੁਣਨ ਅਤੇ ਪੈਨਲਾਂ ਦੇ ਵਿਚਾਰ ਵਟਾਂਦਰੇ ਤੋਂ ਮੈਂ ਸਿੱਖਿਆ ਕਿ ਸੁਣਨ ਸ਼ਕਤੀ ਦੇ ਗੁਆਚਣ ਵਾਲ਼ੇ ਲੋਕ ਵੀ ਕਾਮਯਾਬ ਪੇਸ਼ਾਵਰ ਬਣ ਸਕਦੇ ਹਨ। ਮੈਂ ਹੋਰ ਮਾਪਿਆਂ ਕੋਲ਼ੋਂ ਵੀ ਬੜੀਆਂ ਮੁੱਲਵਾਨ ਸਿੱਖਿਆਵਾਂ ਲਈਆਂ ਜਿਹੜੇ ਮਾਪੇ ਵੱਡੀ ਉਮਰ ਦੇ ਬੋਲ਼ੇ ਜਾਂ ਉੱਚਾ ਸੁਣਨ ਵਾਲ਼ੇ ਬੱਚਿਆਂ ਨੂੰ ਪਾਲ਼ ਰਹੇ ਸਨ। ਇਨ੍ਹਾਂ ਹੰਡੇ ਹੋਏ ਮਾਪਿਆਂ ਦੀਆਂ ਕਹਾਣੀਆਂ ਨੇ ਮੈਨੂੰ ਆਸ ਤੇ ਹੌਂਸਲਾ ਦਿੱਤਾ ਅਤੇ ਮੈਨੂੰ ਸਿਖਾਇਆ ਕਿ ਸਭ ਤੋਂ ਵੱਧ ਜ਼ਰੂਰੀ ਤੱਥ ਹੈ ਕਿ ਮਾਪਾ ਬੱਚੇ ਨੂੰ ਪਾਲਦਾ ਪੋਸਦਾ ਕਿਸ ਤਰ੍ਹਾਂ ਹੈ।

ਬੀ ਸੀ ਐੱਚ ਐਂਡ ਵੀ ਨੇ ਸਾਡੇ ਪਰਿਵਾਰ ਦੀ ਹੋਰ ਵੀ ਕਈ ਤਰ੍ਹਾਂ ਮੱਦਦ ਕੀਤੀ ਹੈ। ਮੈਨੂੰ ਲੱਗਦਾ ਹੈ ਕਿ ਬੀ ਸੀ ਐੱਚ ਐਂਡ ਵੀ ਵਲੋਂ ਕਈ ਪਰਿਵਾਰਿਕ ਸਰਗਰਮੀਆਂ ਜਿਵੇਂ ਕਿ ਜੂਨ ਵਿਚ ਹੋਣ ਵਾਲ਼ੀ ਪਰਿਵਾਰਿਕ ਪਿਕਨਿਕ ਆਦਿ ਵਿਚ ਸ਼ਾਮਲ ਹੋਣ ਬਾਅਦ ਵੈਰੋਨਿਕਾ ਜ਼ਿਆਦਾ ਖੁਸ਼ ਹੈ, ਉਹਦੇ ਵਿਚ ਸਵੈ ਭਰੋਸਾ ਵਧਿਆ ਹੈ, ਅਤੇ ਹੁਣ ਉਹ ਖੁੱਲ ਕੇ ਆਪਣੀ ਗੱਲ ਕਹਿੰਦੀ ਹੈ ਤੇ ਹੋਰਨਾਂ ਨਾਲ਼ ਗੱਲਬਾਤ ਕਰਦੀ ਹੈ। ਬੀ ਸੀ ਐੱਚ ਐਂਡ ਵੀ ਨੇ ਮੈਨੂੰ ਵਰਕਸ਼ਾਪਾਂ ਵਿਚ ਸ਼ਾਮਲ ਹੋਣ ਵਾਸਤੇ ਆਉਣ ਜਾਣ ਵਿਚ ਮੱਦਦ ਕੀਤੀ ਹੈ ਜਦੋਂ ਮੇਰੇ ਕੋਲ਼ ਕੋਈ ਸਾਧਨ ਨਹੀਂ ਸਨ ਤੇ ਮੈਨੂੰ ਮੱਦਦ ਚਾਹੀਦੀ ਸੀ। ਉਨ੍ਹਾਂ ਨੇ ਮੇਰੇ ਲਈ ਇਕ ਚੀਨੀ ਬੋਲਣ ਵਾਲ਼ੇ ਦੁਭਾਸ਼ੀਏ ਦਾ ਵੀ ਪ੍ਰਬੰਧ ਕੀਤਾ ਤਾਂਕਿ ਮੈਂ ਪੇਸ਼ਕਾਰੀਆਂ ਅਤੇ ਵਿਚਾਰ ਵਟਾਂਦਰੇ ਨੂੰ ਆਪਣੀ ਮਾਦਰੀ ਜ਼ਬਾਨ ਵਿਚ ਸਮਝ ਸਕਾਂ। ਇਸ ਸਭ ਕਾਸੇ ਨੇ ਮੇਰਾ ਸਵੈ ਭਰੋਸਾ ਵਧਾਉਣ ਵਿਚ ਮਦਦ ਕੀਤੀ ਹੈ ਜਿਹਦੇ ਨਾਲ਼ ਮੈਂ ਆਪਣੇ ਬੱਚੇ ਦੇ ਭਵਿੱਖ ਨੂੰ ਸੋਹਣਾ ਬਣਾਉਣ ਵਿਚ ਮੱਦਦਗਾਰ ਹੋ ਸਕਾਂ।

## ਬੱਚਿਆਂ ਵਿਚਕਾਰ ਆਪਣੇ ਸਮੇਂ ਦੀ ਸੰਤੁਲਨ ਵਰਤੋਂ

ਵੈਰੋਨਿਕਾ ਦਾ ਭਰਾ ਉਹਦੇ ਨਾਲ਼ੋਂ ਦਸ ਸਾਲ ਵੱਡਾ ਹੈ। ਪਿਛਲੇ ਤਿੰਨ ਵਰ੍ਹੇ ਮੈਂ ਵੈਰੋਨਿਕਾ ਦੀ ਸੁਣਨ ਸ਼ਕਤੀ ਬਾਰੇ ਅਤੇ ਉਹਦੇ ਬੋਲਣਾ ਸਿੱਖਣ ਬਾਰੇ ਏਨਾ ਸੋਚਦੀ ਰਹੀ, ਕਿ ਹੁਣ ਜ਼ਰੂਰ ਮੈਂ ਇਹ ਗੱਲ ਮੰਨਦੀ ਹਾਂ ਕਿ ਮੈਂ ਕਾਫੀ ਸਮਾਂ ਆਪਣੇ ਬੇਟੇ ਵੱਲ ਬਹੁਤ ਘੱਟ ਧਿਆਨ ਦੇ ਸਕੀ। ਮੈਂ ਉਹਨੂੰ ਦੱਸਿਆ ਕਿ ਮੈਂ ਉਹਨੂੰ ਵੀ ਉਨਾਂ ਹੀ ਪਿਆਰ ਕਰਦੀ ਹਾਂ ਪਰ ਤੇਰੀ ਭੈਣ ਨੂੰ ਹੋਰ ਜ਼ਿਆਦਾ ਧਿਆਨ ਦੀ ਲੋੜ ਸੀ ਉਸ ਦੇ ਇਨ੍ਹਾਂ ਮੁੱਢਲੇ ਸਾਲਾਂ ਦੌਰਾਨ। ਮੇਰਾ ਖਿਆਲ ਸੀ ਕਿ ਮੇਰਾ ਬੇਟਾ ਗੱਲ ਨੂੰ ਸਮਝ ਲਵੇਗਾ ਪਰ ਪਿਛਲੇ ਸਾਲ ਇਕ ਰਾਤ ਨੂੰ ਉਹ ਫਿੱਸ ਪਿਆ ਤੇ ਕਹਿਣ ਲੱਗਾ ਕਿ ਮੈਂ ਵੈਰੋਨਿਕਾ ਨੂੰ ਜ਼ਿਆਦਾ ਪਿਆਰ ਕਰਦੀ ਹਾਂ ਤੇ ਉਹਨੂੰ ਪਿਆਰ ਨਹੀਂ ਕਰਦੀ। ਮੈਂ ਤਾਂ ਰੋਣਹਾਕੀ ਹੋ ਗਈ ਤੇ ਉਹ ਵੀ ਰੋ ਰਿਹਾ ਸੀ। ਮੈਂ ਉਹਨੂੰ ਵਾਰ ਵਾਰ ਦੱਸਿਆ ਕਿ ਮੈਂ ਤੈਨੂੰ ਵੀ ਤੇਰੀ ਭੈਣ ਜਿੰਨਾ ਹੀ ਪਿਆਰ ਕਰਦੀ ਹਾਂ।

ਉਦੋਂ ਤੋਂ ਮੈਂ ਲਗਾਤਾਰ ਆਪਣੇ ਆਪ ਨੂੰ ਚੇਤਾ ਕਰਾਉਂਦੀ ਰਹਿੰਦੀ ਹਾਂ ਕਿ ਉਸ ਵੱਲ ਵੀ ਹੋਰ ਧਿਆਨ ਦੇਣਾ ਹੈ ਅਤੇ ਉਹਨੂੰ ਵੀ ਵੈਰੋਨਿਕਾ ਦੀਆਂ ਅਪੁਆਇੰਟਮੈਂਟਾਂ ਅਤੇ ਸਰਗਰਮੀਆਂ ਵਿਚ ਸ਼ਾਮਲ ਕਰਨਾ ਹੈ। ਮੈਨੂੰ ਪਤਾ ਹੈ ਕਿ ਉਹ ਵੈਰੋਨਿਕਾ ਦੇ ਬੀਰ ਵਹੁਟੀ ਬਾਰੇ ਸਵਾਲ਼ਾਂ ਦੀ ਗੂਗਲ ’ਤੇ ਖੋਜ ਕਰਨ ਲਈ ਉਹਦੀ ਮੱਦਦ ਕਰੇਗਾ।

## ਅਗਲੀ ਪੱਧਰ

ਵੈਰੋਨਿਕਾ ਨੇ ਹੁਣੇ ਹੀ ਨਵੇਂ ਸਕੂਲੇ ਪਹਿਲੀ ਜਮਾਤ (ਗਰੇਡ ਇਕ) ਵਿਚ ਜਾਣਾ ਸ਼ੁਰੂ ਕੀਤਾ ਹੈ; ਸਾਡੇ ਗੁਆਂਢ ਦਾ ਐਲਿਮੈਂਟਰੀ ਸਕੂਲ। ਉਹਨੂੰ ਬਹੁਤ ਚਾਅ ਹੈ ਜਦ ਕਿ ਮੈਂ ਅਜੇ ਵੀ ਥੋੜ੍ਹੀ ਚਿੰਤਤ ਹਾਂ ਕਿ ਉਹਨੇ ਸਿੱਖਣ ਵਾਲ਼ੇ ਇਕ ਬਿਲਕੁਲ ਨਵੇਂ ਵਾਤਾਵਰਨ ਵਿਚ ਜਾਣਾ ਹੈ। ਮੈਨੂੰ ਇਸ ਗੱਲ ਦਾ ਭਰੋਸਾ ਹੈ ਕਿ ਉਹ ਠੀਕ ਠਾਕ ਰਹੇਗੀ। ਮੈਨੂੰ ਇਸ ਗੱਲ ਦਾ ਵੀ ਯਕੀਨ ਹੈ ਕਿ ਉਹ ਇਕੱਲੀ ਨਹੀਂ ਮਹਿਸੂਸ ਕਰੇਗੀ ਕਿਉਂਕਿ ਉਹਦੀ ਇਕ ਪੱਕੀ ਦੋਸਤ ਜੋ ਉਸ ਵਾਂਗ ਹੀ ਸੁਣਨ ਵਿਚ ਔਖ ਮਹਿਸੂਸ ਕਰਦੀ ਹੈ, ਵੀ ਉਹਦੇ ਨਾਲ਼ ਉਸੇ ਸਕੂਲ ਜਾ ਰਹੀ ਹੈ। ਹੁਣ ਪਿੱਛੇ ਮੁੜ ਕੇ ਦੇਖਿਆਂ ਮੈਂ ਮਹਿਸੂਸ ਕਰਦੀ ਹਾਂ ਕਿ ਸਾਡੇ ਉੱਪਰ ਕਿੰਨੀਆਂ ਰਹਿਮਤਾਂ ਹਨ। ਮੇਰੇ ਮਨ ਵਿਚ ਉਨ੍ਹਾਂ ਸਭ ਲਈ ਬੇਹੱਦ ਸ਼ੁਕਰਾਨਾ ਹੈ ਉਨ੍ਹਾਂ ਸਾਰੇ ਪੇਸ਼ਾਵਰ ਲੋਕਾਂ ਅਤੇ ਉਨ੍ਹਾਂ ਸਾਰੇ ਪਰਿਵਾਰਾਂ ਲਈ ਜਿਨਾਂ ਨਾਲ਼ ਸਾਡੀ ਸੁਣਨ ਸ਼ਕਤੀ ਦੀ ਜੱਦੋਜਹਿਦ ਦੌਰਾਨ ਮੁਲਾਕਾਤ ਹੋਈ ਹੈ ਜਿਨ੍ਹਾਂ ਨੇ ਵੈਰੋਨਿਕਾ ਦੀ ਤੇ ਸਾਡੇ ਪਰਿਵਾਰ ਦੀ ਸਾਨੂੰ ਏਥੇ ਤੱਕ ਪਹੁੰਚਣ ਵਿਚ ਏਨੀ ਮੱਦਦ ਕੀਤੀ ਹੈ।

We acknowledge the financial support of the Province of British Columbia.

ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲ਼ੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।